The Scottish Parliament
Pàrlamaid na h-Alba

# ਤੁਹਾਡੇ MSPs (ਐਮ.ਐਸ.ਪੀਜ਼)

## ਤੁਹਾਡੇ MSPs

ਸਕੌਟਲੈਂਡ ਦੀ ਪਾਰਲੀਮੈਂਟ ਸਕੌਟਿਸ਼ ਪਾਰਲੀਮੈਂਟ ਦੇ 129 ਮੈਂਬਰਾਂ (MSPs) ਨੂੰ ਮਿਲਾ ਕੇ ਬਣਦੀ ਹੈ, ਜਿਨ੍ਹਾਂ ਦੀ ਚੋਣ ਸਕੌਟਲੈਂਡ ਦੇ ਲੋਕਾਂ ਵੱਲ ਆਪਣੀ ਪ੍ਰਤੀਨਿਧਤਾ ਕਰਨ ਲਈ ਕੀਤੀ ਜਾਂਦੀ ਹੈ।

MSPs ਤੁਹਾਡੀ ਤਰਫ ਕੰਮ ਕਰਦੇ ਹਨ ਅਤੇ ਉਹ ਵਿਆਪਕ ਪ੍ਰਕਾਰ ਦੇ ਮੁੱਦਿਆਂ ਬਾਰੇ ਫੈਸਲੇ ਕਰਦੇ ਹਨ, ਜਿਹਨਾਂ ਵਿੱਚ ਸਿੱਖਿਆ, ਵਾਤਾਵਰਣ, ਸਿਹਤ, ਰਿਹਾਇਸ਼, ਦੀਵਾਨੀ ਅਤੇ ਫੌਜਦਾਰੀ ਨਿਆਂ, ਅਤੇ ਟਰਾਂਸਪੋਰਟ ਸ਼ਾਮਲ ਹਨ।

ਤੁਸੀਂ ਆਪਣੇ MSPs ਨਾਲ ਸੰਪਰਕ ਕਰ ਸਕਦੇ ਹੋ ਭਾਵੇਂ ਤੁਸੀਂ ਉਹਨਾਂ ਨੂੰ ਵੋਟ ਨਹੀਂ ਪਾਈ ਸੀ।

ਜੇ ਤੁਸੀਂ ਉਹਨਾਂ ਨੂੰ ਮਦਦ ਲਈ ਕਹਿੰਦੇ ਹੋ, ਤਾਂ ਤੁਸੀਂ ਇਹ ਆਸ ਕਰ ਸਕਦੇ ਹੋ ਕਿ ਇੱਕ MSP ਤੁਹਾਡੇ ਮਾਮਲੇ ਦਾ ਜ਼ਿੰਮਾ ਲਵੇ ਜਾਂ ਇਸ ਬਾਰੇ ਤੁਹਾਨੂੰ ਸਪਸ਼ਟ ਕਰੇ ਕਿ ਉਹ ਅਜਿਹਾ ਕਿਉਂ ਨਹੀਂ ਕਰ ਸਕਦੇ। ਐਪਰ, ਇਹ ਫੈਸਲਾ MSP ਨੇ ਕਰਨਾ ਹੁੰਦਾ ਹੈ ਕਿ ਤੁਹਾਡੀ ਬੇਨਤੀ ਜਾਂ ਪੁੱਛ-ਗਿੱਛ ਦਾ ਕਿਵੇਂ ਉੱਤਰ ਦੇਣਾ ਹੈ।

## ਮੈਂ ਕਿਸ ਨਾਲ ਸੰਪਰਕ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਸਕੌਟਲੈਂਡ ਵਿੱਚ ਰਹਿੰਦੇ ਹੋ, ਤੁਹਾਡੀ ਅੱਠ MSPs ਵੱਲੋਂ ਪ੍ਰਤੀਨਿਧਤਾ ਕੀਤੀ ਜਾਂਦੀ ਹੈ - ਇੱਕ ਤੁਹਾਡੇ ਹਲਕੇ ਲਈ ਅਤੇ ਸੱਤ ਤੁਹਾਡੇ ਵੱਡੇ ਪਾਰਲੀਮੈਂਟ ਖੇਤਰ ਲਈ ਜਿਸ ਵਿੱਚ ਤੁਹਾਡਾ ਹਲਕਾ ਵੀ ਸ਼ਾਮਲ ਹੁੰਦਾ ਹੈ।

ਹਲਕੇ ਅਤੇ ਖੇਤਰੀ MSPs ਕੋਲ ਤੁਹਾਡੀ ਪ੍ਰਤੀਨਿਧਤਾ ਕਰਨ ਲਈ ਇੱਕੋ ਜਿੰਨੇ ਅਧਿਕਾਰ ਹੁੰਦੇ ਹਨ, ਅਤੇ ਤੁਸੀਂ ਆਪਣੇ MSPs ਵਿੱਚ ਕਿਸੇ ਨਾਲ ਵੀ ਸੰਪਰਕ ਕਰਨ ਲਈ ਸੁਤੰਤਰ ਹੁੰਦੇ ਹੋ। ਮਿਸਾਲ ਲਈ, ਤੁਸੀਂ ਇੱਕ MSP ਨਾਲ ਸੰਪਰਕ ਕਰਨ ਦੀ ਇਸ ਲਈ ਚੋਣ ਕਰ ਸਕਦੇ ਹੋ ਕਿਉਂਕਿ ਉਹ ਇੱਕ ਖਾਸ ਪਾਰਟੀ ਨਾਲ ਸਬੰਧਤ ਹੁੰਦਾ ਹੈ ਜਾਂ ਕਿਉਂਕਿ ਤੁਸੀਂ ਜਾਣਦੇ ਹੋ ਕਿ ਉਹਨਾਂ ਨੂੰ ਉਸ ਵਿਸ਼ੇ ਵਿੱਚ ਦਿਲਚਸਪੀ ਹੈ ਜਿਸ ਬਾਰੇ ਤੁਸੀਂ ਵਿਚਾਰ-ਵਟਾਂਦਰਾ ਕਰਨਾ ਚਾਹੁੰਦੇ ਹੋ।

ਆਪਣੀ ਵੈਬਸਾਈਟ **parliament.scot/msps** ’ਤੇ ਆਪਣੇ ਪੋਸਟਕੋਡ ਭਾਲ ਦੀ ਵਰਤ ਕਰੋ ਜਾਂ ਇਹ ਪਤਾ ਲਗਾਉਣ ਲਈ ਪਬਲਿਕ ਇਨਫਾਰਮੇਸ਼ਨ ਨਾਲ ਸੰਪਰਕ ਕਰੋ ਕਿ ਤੁਹਾਡੇ MSPs ਕੌਣ ਹਨ ਅਤੇ ਉਹਨਾਂ ਨਾਲ ਕਿਵੇਂ ਸੰਪਰਕ ਕਰਨਾ ਹੈ।

ਤੁਸੀਂ ਮਿਆਰੀ ਫਾਰਮੈਟ ਦੀ ਵਰਤ ਕਰਦਿਆਂ ਆਪਣੇ MSPs ਵਿੱਚ ਕਿਸੇ ਨੂੰ ਵੀ ਈਮੇਲ ਕਰ ਸਕਦੇ ਹੋ:
**firstname.surname**.msp@parliament.scot

ਸਾਡੀ ਵੈਬਸਾਈਟ ’ਤੇ ਜਾਂ ਪਬਲਿਕ ਇਨਫਾਰਮੇਸ਼ਨ ਤੋਂ ਹੋਰ ਸੰਪਰਕ ਵੇਰਵੇ ਉਪਲਬਧ ਹੁੰਦੇ ਹਨ।

ਤੁਸੀਂ ਇੱਕ MSP ਨੂੰ ਕਿਸੇ ਵੀ ਭਾਸ਼ਾ ਵਿੱਚ ਲਿਖ ਸਕਦੇ ਹੋ। ਜੇ ਤੁਹਾਡੀ ਇੱਕ MSP ਨਾਲ ਮੀਟਿੰਗ ਹੈ, ਤਾਂ ਲੋੜ ਪੈਣ ’ਤੇ ਦੁਭਾਸ਼ੀਆ-ਸੇਵਾ ਦਾ ਇੰਤਜਾਮ ਕੀਤਾ ਜਾ ਸਕਦਾ ਹੈ। ਜੇ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ ਤਾਂ ਕਿਰਪਾ ਕਰਕੇ ਆਪਣੇ MSP ਨੂੰ ਦੱਸੋ।

## ਮੇਰੇ MSPs ਕੀ ਕਰਦੇ ਹਨ?

- ਸੋਮਵਾਰ ਅਤੇ ਸ਼ੁੱਕਰਵਾਰ: MSPs ਆਮ ਤੌਰ ’ਤੇ ਆਪਣੇ ਸਥਾਨਕ ਇਲਾਕੇ ਵਿੱਚ ਕੰਮ ਕਰਦੇ ਹਨ।
- ਮੰਗਲਵਾਰ, ਬੁੱਧਵਾਰ ਅਤੇ ਵੀਰਵਾਰ: MSPs ਆਮ ਤੌਰ ’ਤੇ ਪਾਰਲੀਮਟ ਵਿੱਚ ਹੁੰਦੇ ਹਨ ਕਿਉਂਕਿ ਆਮ ਤੌਰ ’ਤੇ ਇਹਨਾ ਦਿਨਾ ਵਿੱਚ ਵਿਚਾਰ-ਵਟਾਂਦਰੇ ਅਤੇ ਕਮੇਟੀ ਮੀਟਿੰਗਾਂ ਹੁੰਦੀਆਂ ਹਨ।

MSPs ਸ਼ਾਮ ਦੇ ਸਮਿਆਂ ਅਤੇ ਵੀਕਐਂਡਾਂ ’ਤੇ ਸਰਜਰੀਆਂ ਦਾ ਆਯੋਜਨ ਵੀ ਕਰ ਸਕਦੇ ਹਨ, ਮੀਟਿੰਗਾਂ ਵਿੱਚ ਬੋਲ ਸਕਦੇ ਹਨ ਜਾਂ ਪ੍ਰੋਗਰਾਮਾਂ ਵਿੱਚ ਭਾਗ ਲੈ ਸਕਦੇ ਹਨ।

ਕੁਝ MSPs ਸਕੌਟਲਡ ਸਰਕਾਰ ਵਿੱਚ ਕੈਬਨਿਟ ਸੈਕਟਰੀ ਜਾਂ ਮੰਤਰੀ ਹੁੰਦੇ ਹਨ, ਜਿਹਨਾਂ ਕੋਲ ਨੀਤੀ ਦੇ ਖਾਸ ਹਿੱਸੇ ਦੀ ਜ਼ਿੰਮੇਵਾਰੀ ਹੁੰਦੀ ਹੈ ਜਿਵ ਕਿ ਸਿਹਤ ਜਾਂ ਨਿਆਂ। ਜੇ ਤੁਹਾਡੇ ਸਥਾਨਕ MSPs ਵਿੱਚ ਕੋਈ ਇੱਕ ਕੈਬਨਿਟ ਸੈਕਟਰੀ ਜਾਂ ਮੰਤਰੀ ਹੈ, ਤਾਂ ਤੁਸੀਂ ਫੇਰ ਵੀ ਸਕੌਟਿਸ਼ ਪਾਰਲੀਮਟ ਵੱਲ ਨਜਿੱਠ ਜਾਂਦੇ ਕਿਸੇ ਵੀ ਮਾਮਲੇ ਬਾਰੇ ਮਦਦ ਜਾਂ ਸਲਾਹ ਲਈ ਉਹਨਾਂ ਨਾਲ ਸੰਪਰਕ ਕਰ ਸਕਦੇ ਹੋ।

## ਆਪਣੇ MSPs ਬਾਰੇ ਮ ਹੋਰ ਜਾਣਕਾਰੀ ਕਿੱਥ ਲੈ ਸਕਦਾ/ਸਕਦੀ ਹਾ?

- ਹਰੇਕ MSP ਦਾ ਸਾਡੀ ਵੈਬਸਾਈਟ ’ਤੇ ਇੱਕ ਹਿੱਸਾ ਹੁੰਦਾ ਹੈ। ਇਸ ਵਿੱਚ ਜੀਵਨੀ ਸਬੰਧੀ ਜਾਣਕਾਰੀ ਅਤੇ ਹਾਲੀਆ ਵੋਟਿੰਗ ਰਿਕਾਰਡ ਸ਼ਾਮਲ ਹੁੰਦੇ ਹਨ।
- ਚਬਰ ਅਤੇ ਕਮੇਟੀ ਮੀਟਿੰਗਾ ਵਿੱਚ MSPs ਜੋ ਕਹਿੰਦੇ ਹਨ ਉਹਨਾ ਨੂੰ ਅਧਿਕਾਰਕ ਰਿਪੋਰਟ ਵਿੱਚ ਪਕਾਸ਼ਤ ਕੀਤਾ ਜਾਦਾ ਹੈ, ਜੋ ਸਾਡੀ ਵੈਬਸਾਈਟ ’ਤੇ ਉਪਲਬਧ ਹੈ। ਤੁਸ। **scottishparliament.tv** ’ਤੇ ਅਤੇ ਜਾ ਯੂ ਟਿਊਬ (YouTube) ’ਤੇ ਮੀਟਿੰਗਾ ਦੀਆਂ ਵੀਡੀਓ ਵੀ ਦੇਖ ਸਕਦੇ ਹੋ।
- MSPs ਆਮ ਤੌਰ ’ਤੇ ਪਾਰਲੀਮਟ ਵਿੱਚ ਆਪਣੇ ਕੰਮ ਬਾਰੇ ਨਿਊਜ਼ਲੈਟਰ ਵੀ ਤਿਆਰ ਕਰਦੇ ਹਨ। ਵੇਰਵਿਆਂ ਲਈ MSPs ਦਫ਼ਤਰਾ ਨਾਲ ਸੰਪਰਕ ਕਰੋ।
- ਬਹੁਤੇ MSPs ਕੋਲ ਆਪਣੀਆਂ ਖੁਦ ਦੀਆਂ ਵੈਬਸਾਈਟਾ ਅਤੇ ਸੋਸ਼ਲ ਮੀਡੀਆ ਅਕਾਊਟ ਹੁੰਦੇ ਹਨ ਜਿਹਨਾ ਵਿੱਚ ਉਹਨਾ ਨ ਜੋ ਕੀਤਾ ਹੁੰਦਾ ਹੈ ਅਤੇ ਸਰਜਰੀ ਦੇ ਵੇਰਵਿਆਂ ਬਾਰੇ ਜਾਣਕਾਰੀ ਹੁੰਦੀ ਹੈ।
- ਆਪਣੇ MSPs ਨੂੰ ਕਾਰਵਾਈ ਕਰਦੇ ਹੋਏ ਦੇਖਣ ਲਈ ਸਕੌਟਿਸ਼ ਪਾਰਲੀਮਟ ਵਿੱਚ ਜਾਓ। ਟਿਕਟਾ ਬੁੱਕ ਕਰਨ ਲਈ ਵਿਜ਼ਿਟਰ ਸਰਵਿਸਿਜ਼ ਨੂੰ 0800 092 7600 ’ਤੇ ਜਾ 0131 348 5200 ’ਤੇ ਕਾਲ ਕਰੋ (ਅੰਗਰੇਜ਼ੀ ਵਿੱਚ), ਜਾ visit@parliament.scot ’ਤੇ ਈਮੇਲ ਕਰੋ (ਕਿਸੇ ਵੀ ਭਾਸ਼ਾ ਵਿੱਚ)।

## ਪਬਲਿਕ ਇਨਫਾਰਮੇਸ਼ਨ (ਜਨ ਸੂਚਨਾ)

ਸਕੌਟਿਸ਼ ਪਾਰਲੀਮਟ, ਇਸ ਦੀ ਮਬਰਸ਼ਿਪ, ਕੰਮਕਾਜ ਜਾਂ ਕਾਰਜ-ਪਕਿਰਿਆਵਾਂ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ, ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

**ਲਾਇਵ ਚੈਟ** parliament.scot/live-chat (ਸਿਰਫ ਅੰਗਰੇਜ਼ੀ ਵਿੱਚ)

**ਟੈਲੀਫੋਨ** 0800 092 7500 or 0131 348 5000 (ਸਿਰਫ ਅੰਗਰੇਜ਼ੀ ਵਿੱਚ)

ਤੁਸੀਂ ਸਾਨੂੰ ਕਿਸੇ ਵੀ ਭਾਸ਼ਾ ਵਿੱਚ ਲਿਖ ਸਕਦੇ ਹੋ:

**ਈਮੇਲ** info@parliament.scot

**ਟੈਕਸਟ** 07786 209888

**ਪਤਾ:** Public Information
The Scottish Parliament
Edinburgh
EH99 1SP

**ਵੈਬਸਾਈਟ** parliament.scot

ਸਾਡੇ ਫੇਸਬੁੱਕ (Facebook), ਇੰਸਟਾਗ੍ਰਾਮ (Instagram), ਟਵਿੱਟਰ (Twitter) ਅਤੇ ਯੂ ਟਿਊਬ (YouTube) ’ਤੇ ਵੀ ਅਕਾਊਂਟ ਹਨ।

ਜੇ ਤੁਸੀਂ ਸਾਡੇ ਨਾਲ ਕੁੱਝ ਪੁੱਛਣ ਲਈ ਸੰਪਰਕ ਕਰਦੇ ਹੋ, ਤਾਂ ਅਸੀਂ ਸਿਰਫ ਤੁਹਾਡੀ ਪੁੱਛ-ਗਿੱਛ ਨੂੰ ਨਜਿੱਠਣ ਲਈ ਹੀ ਤੁਹਾਡੇ ਵੱਲ ਦਿੱਤੀ ਜਾਣਕਾਰੀ ਦੀ ਵਰਤ ਕਰਾਂਗੇ। ਇਸ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿ ਅਸੀਂ ਤੁਹਾਡੀ ਜਾਣਕਾਰੀ ਨੂੰ ਕਿਵ ਨਜਿੱਠਦੇ ਹਾਂ parliament.scot/dataprotection ’ਤੇ ਜਾਓ ਜਾਂ ਸਾਨੂੰ ਸੰਪਰਕ ਕਰੋ।

ਜੇ ਤੁਹਾਨੂੰ ਕਿਸੇ ਹੋਰ ਫਾਰਮੇਟ ਜਾਂ ਭਾਸ਼ਾ ਵਿੱਚ ਸਕੌਟਿਸ਼ ਪਾਰਲੀਮਟ ਬਾਰੇ ਜਾਣਕਾਰੀ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

HAPPY TO TRANSLATE

© SPCB ਪਹਿਲਾ ਸੰਸਕਰਨ, ਜੂਨ 2016